ਦਫ਼ਤਰ ਜ਼ਿਲਾ ਲੋਕ ਸੰਪਰਕ ਅਫ਼ਸਰ, ਅੰਮ੍ਰਿਤਸਰ

ਜ਼ਿਲੇ 'ਚੋਂ ਅੱਜ 276 ਕਸ਼ਮੀਰੀ ਵਿਅਕਤੀ ਆਪਣੇ ਰਾਜ ਨੂੰ ਭੇਜੇ

ਅੰਮ੍ਰਿਤਸਰ, 3 ਮਈ ( )-ਜ਼ਿਲਾ ਪ੍ਰਸ਼ਾਸਨ ਅੰਮ੍ਰਿਤਸਰ ਨੇ ਜ਼ਿਲੇ 'ਚ ਲਾਕਡਾਊਨ ਦੌਰਾਨ ਫ਼ਸੇ ਦੂਸਰੇ ਰਾਜਾਂ ਦੇ ਵਸਨੀਕਾਂ ਨੂੰ ਉਨਾਂ ਦੇ ਪਿੱਤਰੀ ਰਾਜਾਂ 'ਚ ਭੇਜਣ ਦੀ ਪਹਿਲ ਕਦਮੀ ਤਹਿਤ ਅੱਜ 276 ਜੰਮੂ-ਕਸ਼ਮੀਰ ਵਾਸੀਆਂ ਨੂੰ ਉਨਾਂ ਦੇ ਗ੍ਰਹਿ ਰਾਜ ਲਈ ਰਵਾਨਾ ਕੀਤਾ।

ਡਿਪਟੀ ਕਮਿਸ਼ਰਨ ਸ. ਸ਼ਿਵਦੁਲਾਰ ਸਿੰਘ ਢਿੱਲੋਂ ਨੇ ਦੱਸਿਆ ਕਿ ਕੋਰੋਨਾ ਕਾਰਨ ਪੈਦਾ ਹੋਏ ਹਾਲਾਤਾਂ 'ਚ ਹਰੇਕ ਵਿਅਕਤੀ ਆਪਣੇ ਗ੍ਰਹਿ ਰਾਜ ਜਾਣ ਦਾ ਚਾਹਵਾਨ ਹੈ, ਜਿਸ ਲਈ ਪੰਜਾਬ ਸਰਕਾਰ ਵੱਲੋਂ ਉਨਾਂ ਲਈ ਵਿਸ਼ੇਸ਼ ਪ੍ਰਬੰਧ ਕਰਕੇ ਇੱਕ ਚੰਗੀ ਮਿਸਾਲ ਪੇਸ਼ ਕੀਤੀ ਗਈ ਹੈ।

ਉਨਾਂ ਦੱਸਿਆ ਕਿ ਰਮਜ਼ਾਨ ਦੇ ਚਲਦੇ ਹੋਣ ਕਾਰਨ ਇਹ ਸਾਰੇ ਵਿਅਕਤੀ ਆਪਣੇ ਘਰਾਂ ਨੂੰ ਜਾਣ ਦੇ ਚਾਹਵਾਨ ਸਨ, ਜਿਸ ਲਈ ਪੰਜਾਬ ਸਰਕਾਰ ਵੱਲੋਂ ਉਨਾਂ ਦੀਆਂ ਧਾਰਮਿਕ ਰਵਾਇਤਾਂ ਦਾ ਮਾਣ ਰੱਖਦਿਆਂ, ਉਨਾਂ ਦੇ ਪਿੱਤਰੀ ਰਾਜ ਭੇਜਣ ਦਾ ਪ੍ਰਬੰਧ ਕੀਤਾ ਗਿਆ। ਉਨਾਂ ਦੱਸਿਆ ਕਿ ਅੱਜ ਅੰਮ੍ਰਿਤਸਰ ਤੋਂ 276 ਕਸ਼ਮੀਰੀਆਂ ਨੂੰ ਉਨਾਂ ਦੇ ਘਰ ਮੁਫ਼ਤ ਬੱਸਾਂ ਦਾ ਪ੍ਰਬੰਧ ਕਰਕੇ ਭੇਜਿਆ ਗਿਆ ਹੈ।

ਉਨਾਂ ਦੱਸਿਆ ਕਿ ਇਨਾਂ ਸਾਰਿਆਂ ਨੂੰ ਅੱਜ ਸਵੇਰ ਅੰਮ੍ਰਿਤਸਰ ਬੱਸ ਸਟੈਂਡ ਤੋਂ ਕਠੂਆ ਲਈ ਰਵਾਨਾ ਕੀਤਾ ਗਿਆ। ਇਸ ਮੌਕੇ ਹਰੇਕ ਯਾਤਰੀਆਂ ਦਾ ਡਾਕਟਰੀ ਮੁਆਇਨਾ ਕੀਤਾ ਗਿਆ ਅਤੇ ਹਰੇਕ ਯਾਤਰੀ ਨੂੰ ਮਾਸਕ ਤੇ ਸੈਨੇਟਾਈਜ਼ਰ ਵੀ ਸਫਰ ਦੌਰਾਨ ਵਰਤਣ ਲਈ ਦਿੱਤੇ ਗਏ।

ਇਸ ਮੌਕੇ ਬੱਸਾਂ 'ਚ ਸਵਾਰ ਕਸ਼ਮੀਰੀ ਜਿੱਥੇ ਆਪਣੇ ਘਰ ਜਾਣ ਦਾ ਪ੍ਰਬੰਧ ਹੋਣ 'ਤੇ ਬਹੁਤ ਖੁਸ਼ ਸਨ, ਉੱਥੇ ਜ਼ਿਲਾ ਪ੍ਰਸ਼ਾਸਨ ਅਤੇ ਪੰਜਾਬ ਸਰਕਾਰ ਦਾ ਵੀ ਵਾਰ-ਵਾਰ ਧੰਨਵਾਦ ਕਰਦੇ ਨਜ਼ਰ ਆਏ। ਇਸ ਮੌਕੇ ਤਹਿਸੀਲਦਾਰ ਵੀਰ ਕਰਨ ਸਿੰਘ ਢਿੱਲੋਂ ਆਪਣੀ ਟੀਮ ਨਾਲ ਇੰਨਾਂ ਬੱਸਾਂ ਨੂੰ ਲੈ ਕੇ ਆਪ ਲਖਨਪੁਰ ਬਾਰਡਰ ਤੱਕ ਛੱਡਣ ਲਈ ਗਏ। ਯਾਤਰੀਆਂ ਦੀ ਮੈਡੀਕਲ ਲੋੜਾਂ ਨੂੰ ਧਿਆਨ ਵਿਚ ਰੱਖਦੇ ਹੋਏ ਇਕ ਐਂਬੂਲੈਂਸ ਵੀ ਜਿਲਾ ਪ੍ਰਸ਼ਾਸਨ ਵੱਲੋਂ ਨਾਲ ਭੇਜੀ ਗਈ। ਕਰੀਬ 12 ਵਜੇ ਇਹ ਬੱਸਾਂ ਲਖਨਪੁਰ ਸਰਹੱਦ ਉਤੇ ਪਹੁੰਚ ਗਈਆਂ, ਪਰ ਜੰਮੂ-ਕਸ਼ਮੀਰ ਦੀਆਂ ਬੱਸਾਂ ਅੱਗੋਂ ਲੈਣ ਲਈ ਨਾ ਆਈਆਂ ਹੋਣ ਕਾਰਨ ਸ਼ਾਮ 5 ਵਜੇ ਤੱਕ ਉਹ ਉਥੇ ਸਨ ਅਤੇ ਜੰਮੂ-ਕਸ਼ਮੀਰ ਦੀਆਂ ਬੱਸਾਂ ਆਉਣ ਮਗਰੋਂ ਹੀ ਵਾਪਸ ਪਰਤੇ। ਬੱਸ ਅੱਡੇ ਉਤੇ ਕਾਨੂੰਗੋ ਸ੍ਰੀ ਅਸ਼ੋਕ ਕੁਮਾਰ, ਇੰਸਪੈਕਟਰ ਨੀਰਜ਼ ਸ਼ਰਮਾ ਤੇ ਹੋਰ ਅਧਿਕਾਰੀ ਵੀ ਹਾਜ਼ਰ ਸਨ।

ਕੈਪਸ਼ਨ

ਅੰਮ੍ਰਿਤਸਰ ਬੱਸ ਸਟੈਂਡ ਤੋਂ ਆਪਣੇ ਘਰਾਂ ਨੂੰ ਰਵਾਨਾ ਹੋਣ ਮੌਕੇ ਜੰਮੂ-ਕਸ਼ਮੀਰ ਦੇ ਲੋਕ।

-ਬੱਸ ਅੱਡੇ ਤੋਂ ਜੰਮੂ-ਕਸ਼ਮੀਰ ਦੇ ਲੋਕਾਂ ਨੂੰ ਉਨਾਂ ਦੇ ਗ੍ਰਹਿ ਰਾਜ ਭੇਜਣ ਮੌਕੇ ਤਹਿਸੀਲਦਾਰ ਵੀਰਕਰਨ ਸਿੰਘ ਢਿੱਲੋਂ ਅਤੇ ਹੋਰ ਅਧਿਕਾਰੀ।

========

ਦਫ਼ਤਰ ਜ਼ਿਲਾ ਲੋਕ ਸੰਪਰਕ ਅਫ਼ਸਰ, ਅੰਮ੍ਰਿਤਸਰ

ਤਾਮਿਲਨਾਡੂ ਅਤੇ ਕੇਰਲਾ ਦੇ ਵਾਸੀ ਆਨ-ਲਾਇਨ ਅਪਲਾਈ ਕਰਨ

ਅੰਮ੍ਰਿਤਸਰ, 3 ਮਈ ( )-ਪੰਜਾਬ ਵਿਚ ਰਹਿ ਰਹੇ ਕੇਰਲਾ ਅਤੇ ਤਾਮਿਲਨਾਡੂ ਦੇ ਯਾਤਰੀ ਜੇਕਰ ਕੋਰੋਨਾ ਸੰਕਟ ਦੇ ਚੱਲਦੇ ਆਪਣੇ ਰਾਜ ਜਾਣਾ ਚਾਹੁੰਦੇ ਹਨ ਤਾਂ ਉਨਾਂ ਵਾਸਤੇ ਸਰਕਾਰ ਵੱਲੋਂ ਪ੍ਰਬੰਧ ਕੀਤੇ ਜਾ ਰਹੇ ਹਨ। ਉਕਤ ਜਾਣਕਾਰੀ ਦਿੰਦੇ ਡਿਪਟੀ ਕਮਿਸ਼ਨਰ ਸ. ਸ਼ਿਵਦੁਲਾਰ ਸਿੰਘ ਢਿੱਲੋਂ ਨੇ ਦੱਸਿਆ ਕਿ ਜੇਕਰ ਉਕਤ ਰਾਜਾਂ ਦੇ ਲੋਕ ਜਾਣਾ ਚਾਹੁੰਦੇ ਹਨ ਤਾਂ ਉਹ ਆਪਣੀ ਜਾਣਕਾਰੀ ਵੈਬਸਾਈਟ ਉਤੇ ਅਪਲੋਡ ਕਰਨ, ਤਾਂ ਜੋ ਉਨਾਂ ਦੇ ਜਾਣ ਦਾ ਪ੍ਰਬੰਧ ਕੀਤਾ ਜਾ ਸਕੇ। ਸ. ਢਿੱਲੋਂ ਨੇ ਦੱਸਿਆ ਕਿ ਕੇਰਲਾ ਦੇ ਵਾਸੀ www.registernorkaroots.org ਉਤੇ ਅਤੇ ਤਾਮਿਲਨਾਢੂ ਦੇ ਵਾਸੀ tnepass.tnega.org ਵੈਬਸਾਇਟ ਉਤੇ ਅਪਲਾਈ ਕਰਨ।

=============

ਦਫ਼ਤਰ ਜ਼ਿਲਾ ਲੋਕ ਸੰਪਰਕ ਅਫ਼ਸਰ, ਅੰਮ੍ਰਿਤਸਰ

ਮਹਾਂਰਾਸ਼ਟਰ ਤੋਂ ਆਈ ਸੰਗਤ ਦੀ ਆਉ-ਭਗਤ ਵਿਚ ਕੋਈ ਕਮੀ ਨਾ ਰਹੇ-ਡਿਪਟੀ ਕਮਿਸ਼ਨਰ

ਬਿਆਸ ਇਲਾਕੇ ਦੇ ਇਕਾਂਤਵਾਸ ਕੇਂਦਰਾਂ ਦਾ ਕੀਤਾ ਦੌਰਾ

ਅੰਮ੍ਰਿਤਸਰ, 3 ਮਈ ( )-ਮਹਾਰਾਸ਼ਟਰ ਤੋਂ ਆਈ ਸੰਗਤ ਸਾਡੇ ਸਾਰਿਆਂ ਦੇ ਭੈਣ-ਭਰਾ ਹਨ ਅਤੇ ਸਾਡੇ ਵੱਲੋਂ ਉਨਾਂ ਦੀ ਆਉ-ਭਗਤ ਵਿਚ ਕੋਈ ਕਮੀ ਨਹੀਂ ਆਉਣੀ ਚਾਹੀਦੀ। ਉਕਤ ਹਦਾਇਤ ਡਿਪਟੀ ਕਮਿਸ਼ਨਰ ਸ. ਸ਼ਿਵਦੁਲਾਰ ਸਿੰਘ ਢਿਲੋਂ ਨੇ ਬੁਟਰ ਧਰਦਿਉ ਵਿਖੇ ਬਣਾਏ ਗਏ ਇਕਾਂਤਵਾਸ ਕੇਂਦਰ ਦਾ ਦੌਰਾ ਕਰਨ ਮੌਕੇ ਹਾਜ਼ਰ ਅਧਿਕਾਰੀਆਂ ਨੂੰ ਕਰਦੇ ਕਿਹਾ ਕਿ ਸੰਗਤ ਦੀ ਹਰ ਸਹੂਲਤ ਦਾ ਧਿਆਨ ਰੱਖਿਆ ਜਾਵੇ। ਉਨਾਂ ਕਿਹਾ ਕਿ ਜਿਹੜੇ ਕੋਵਿਡ 19 ਦੇ ਟੈਸਟ ਵਿਚੋਂ ਪਾਜ਼ਿਟਵ ਆਏ ਹਨ, ਉਨਾਂ ਨੂੰ ਗੁਰੂ ਨਾਨਕ ਹਸਪਤਾਲ ਭੇਜ ਦਿੱਤਾ ਗਿਆ ਹੈ ਅਤੇ ਇਕਾਂਤਵਾਸ ਕੀਤੀ ਸੰਗਤ ਨੂੰ ਸਿਹਤ ਵਿਭਾਗ ਦੀਆਂ ਹਦਾਇਤਾਂ ਅਨੁਸਾਰ ਪਰਿਵਾਰਾਂ ਦੀ ਹਿਫਾਜ਼ਤ ਲਈ ਇੱਥੇ ਰੱਖਣਾ ਜਰੂਰੀ ਹੈ।

ਇਸ ਮੌਕੇ ਐਸ ਡੀ ਐਮ ਬਾਬਾ ਬਕਾਲਾ ਸਾਹਿਬ ਸ੍ਰੀਮਤੀ ਸੁਮਿਤ ਮੁੱਧ ਨੇ ਦੱਸਿਆ ਕਿ ਜਿਵੇਂ ਜਿਵੇਂ ਇਹ ਸੰਗਤਾਂ ਇੱਥੇ ਪੁੱਜੀਆਂ ਸਨ ਇੰਨਾਂ ਨੂੰ ਸਭ ਤੋਂ ਪਹਿਲਾਂ ਜ਼ਰੂਰੀ ਲੋੜ ਦੀਆਂ ਵਸਤਾਂ ਟੂਥ ਬਰੱਸ਼, ਪੇਸਟ, ਸਾਬਣ, ਸੈਂਪੂ, ਮੱਛਰ ਮਾਰ ਦਵਾਈ ਅਤੇ ਮੱਗ ਬਾਲਟੀਆਂ ਆਦਿ ਦਿੱਤੇ ਗਏ। ਹੁਣ ਰੋਜ਼ਾਨਾ ਪੌਸ਼ਟਿਕ ਖਾਣਾ, ਚਾਹ, ਲੱਸੀ, ਦੁੱਧ, ਫਲ ਆਦਿ ਮੁਹੱਈਆ ਕਰਵਾਏ ਜਾ ਰਹੇ ਹਨ। ਉਨਾਂ ਦੱਸਿਆ ਕਿ ਇਨਾਂ ਵਿਅਕਤੀਆਂ ਨੂੰ ਸਿਹਤਮੰਦ ਰੱਖਣ ਲਈ ਅਤੇ ਕਿਸੇ ਵੀ ਤਰਾਂ ਦੀ ਤੰਗੀ ਨਾ ਆਉਣ ਦੇਣ ਲਈ ਰੋਜ਼ਾਨਾ ਦੀਆਂ ਹੋਰ ਲੋੜਾਂ ਦੀ ਪੂਰਤੀ ਕੀਤੀ ਜਾਂਦੀ ਹੈ।

ਉਨਾਂ ਦੱਸਿਆ ਕਿ ਇਨਾਂ ਸਾਰਿਆਂ ਲਈ ਤਿੰਨ ਟਾਈਮ ਤਾਜ਼ਾ ਖਾਣਾ ਬਣ ਕੇ ਆ ਰਿਹਾ ਹੈ, ਜੋ ਕਿ ਸਾਫ਼-ਸਫ਼ਾਈ ਅਤੇ ਪੌਸ਼ਟਿਕਤਾ ਦਾ ਧਿਆਨ ਰੱਖ ਕੇ ਤਿਆਰ ਕਰਵਾਇਆ ਜਾ ਰਿਹਾ ਹੈ। ਡਾਕਟਰਾਂ ਦੀ ਟੀਮ ਵੱਲੋਂ ਰੋਜ਼ਾਨਾ ਸਾਰੇ ਯਾਤਰੀਆਂ ਦੀ ਸਿਹਤ ਦੀ ਜਾਂਚ ਕੀਤੀ ਜਾ ਰਹੀ ਹੈ, ਪਰ ਕਿਸੇ ਨੂੰ ਕੋਈ ਸਰੀਰਕ ਸਮੱਸਿਆ ਨਹੀਂ ਹੈ। ਉਨਾਂ ਦੱਸਿਆ ਕਿ ਯਾਤਰੀਆਂ ਦੀ ਕੌਂਸਲਿੰਗ ਵੀ ਕੀਤੀ ਗਈ ਤਾਂ ਜੋ ਉਨਾਂ ਦਾ ਮਨੋਬਲ ਕਾਇਮ ਰਹੇ ਅਤੇ ਉਨਾਂ ਨੂੰ ਸਮਝਾਇਆ ਗਿਆ ਹੈ ਕਿ ਆਪਣਾ ਸਮਾਂ ਅਲੱਗ-ਅਲੱਗ ਗਤੀਵਿਧੀਆਂ ਜਾਂ ਗੱਲਾਂਬਾਤਾਂ ਤੇ ਪੂਜਾ-ਪਾਠ ਰਾਹੀਂ ਬਤੀਤ ਕੀਤਾ ਜਾਵੇ।

ਇਸ ਮੌਕੇ ਹਾਜ਼ਰ ਤਹਿਸਲੀਦਾਰ ਸ. ਲਛਮਣ ਸਿੰਘ ਨੇ ਦੱਸਿਆ ਕਿ ਸਾਰੇ ਕੇਂਦਰਾਂ ਨੂੰ ਨਿਯਮਿਤ ਤੌਰ ਤੇ ਸੈਨੇਟਾਈਜ਼ ਕਰਵਾਇਆ ਜਾਂਦਾ ਹੈ।ਜਦ ਕਿ ਇਸ ਇਕਾਂਤਵਾਸ ਦੇ ਵਰਜਿਤ ਖੇਤਰ ਵਿਚ ਜਾਣ ਵਾਲੇ ਅਮਲੇ, ਸਫਾਈ ਕਰਮੀਆਂ, ਕਪੜੇ ਧੋਣ ਵਾਲੇ ਅਮਲੇ ਨੂੰ ਪੀਪੀਈ ਕਿੱਟਾਂ ਵੀ ਮੁਹਈਆ ਕਰਵਾਈਆਂ ਗਈਆਂ ਹਨ ਅਤੇ ਸਾਰੇ ਸੁਰੱਖਿਆ ਮਾਪਦੰਡਾਂ ਦਾ ਪਾਲਣ ਵੀ ਕੀਤਾ ਜਾਂਦਾ ਹੈ।

========

ਦਫ਼ਤਰ ਜ਼ਿਲਾ ਲੋਕ ਸੰਪਰਕ ਅਫ਼ਸਰ, ਅੰਮ੍ਰਿਤਸਰ

ਹਰਿਆਣਾ ਵਿਚ ਅੰਤਰ-ਰਾਜੀ ਆਵਾਜਾਈ ਲਈ ਰਜਿਸਟ੍ਰੇਸ਼ਨ ਲਾਜ਼ਮੀ

ਅੰਮ੍ਰਿਤਸਰ, 3 ਮਈ ( )-ਹਰਿਆਣਾ ਵਿਚ ਆਉਣ ਅਤੇ ਜਾਣ, ਅੰਤਰ-ਰਾਜੀ ਆਵਾਜਾਈ ਲਈ ਬੇਨਤੀ ਰਜਿਸਟਰ ਕਰਨ ਲਈ ਤੁਸੀਂ ਨਿਮਨਲਿਖਤ ਵਿੱਚੋਂ ਇਕ ਪ੍ਰੋਸੀਜ਼ਰ ਦੀ ਪਾਲਣਾ ਕਰ ਸਕਦੇ ਹੋ। ਇਹ ਜਾਣਕਾਰੀ ਦਿੰਦੇ ਪੰਜਾਬ ਸਰਕਾਰ ਦੇ ਬੁਲਾਰੇ ਨੇ ਦੱਸਿਆ ਕਿ ਹਰਿਆਣਾ ਸਰਕਾਰ ਤੋਂ ਪ੍ਰਾਪਤ ਸੂਚਨਾ ਅਨੁਸਾਰ ਇਸ ਲਈ ਖੁਦ ਨੂੰ ਵੈਬ ਪੇਜ਼ https://edisha.gov.in/eForms/MigrantService ਤੇ ਰਜਿਸਟਰ ਕਰੋ। ਇਸ ਤੋਂ ਇਲਾਵਾ ਜੇ ਕਰ ਕੋਈ ਐਪ ਤੇ ਰਜਿਸਟਰ ਕਰਨਾ ਚਾਹੁੰਦਾ ਹੈ ਤਾਂ ਕ੍ਰਿਪਾ ਕਰ ਕੇ ਗੂਗਲ ਪਲੇਅ ਸਟੋਰ ਤੋਂ 'Jan Sahayak Helpme' ਡਾਊਨਲੋਡ ਕਰੋ ਅਤੇ ਸਾਰੀ ਜ਼ਰੂਰੀ ਜਾਣਕਾਰੀ ਉਪਲੱਬਧ ਕਰਾਓ। ਇਸ ਤੋਂ ਇਲਾਵਾ ਵੀ ਜੇ ਕਰ ਉਪਰੋਕਤ ਦੋਵਾਂ ਤੱਕ ਤੁਹਾਡੀ ਪਹੁੰਚ ਨਹੀਂ ਹੈ ਅਤੇ ਤੁਸੀਂ ਹਰਿਆਣੇ ਸੂਬੇ ਵਿਚ ਮੌਜੂਦ ਹੋ ਤਾਂ ਤੁਸੀਂ 1950 ਤੇ ਜਾਂ HARTRON ਦੇ ਕਾਲ ਸੈਂਟਰ ਨੰਬਰ 1100 ਤੇ ਕਾਲ ਕਰ ਕੇ ਜ਼ਿਲਾ ਪ੍ਰਸ਼ਾਸਨ ਦੀ ਮਦਦ ਲੈ ਸਕਦੇ ਹੋ। ਜੇ ਕਰ ਤੁਸੀਂ ਹਰਿਆਣਾ ਸੂਬੇ ਤੋਂ ਬਾਹਰ ਹੋ ਤਾਂ ਇਹ ਲਾਗੂ ਨਹੀਂ ਹੋਵੇਗਾ।

===========

# INDIAN ARMY SALUTES CORONA WARRIORS

Amritsar : 03 May 2020

The country is battling a global crisis which has today assumed the form of no less than a war. This time, it is the civil administration, the doctors, health and sanitation workers who have held the front bravely against a different kind of enemy - the Corona. Therefore, Armed Forces took the initiative to organize a thanksgiving campaign to Corona warriors on Sunday, the 03rd May across the country by all three services.

In Amritsar, Panther Division of Vajra Corps reached out to the administration and staff of the isolation facility at Guru Nanak Dev Hospital and quarantine facilities at Drug Rehabilitation Centre where currently more than 500 people are either in isolation or quarantine wards. The Army Pipe Band of Panther Division reverberated popular military tunes outside these facilities like 'Deh Shiva Var Mohe', 'Kadam kadam Badhaye Ja' and 'Saare Jahan Se Achha' conveying both gratitude and solidarity to Corona warriors in their own ubiquitous way. This was followed by presentation of 'Thanksgiving Hampers' to the administration and staff of these hospitals by the Army and thanking the Corona warriors working tirelessly, despite odds in various capacities.

The conservancy staff working within the military cantonments and Stations are also playing a pivotal role in maintaining the hygiene and sanitation. Food hampers were also provided to the conservancy staff as a token of gratitude.

# भारतीय सेना की कोरोना योद्धाओं के लिये सलाम

अमृतसर : 03 मई 2020

देश एक वैश्विक संकट से जूझ रहा है जिसने आज देश में किसी युद्ध जैसा परिस्थिति का रूप धारण कर लिया है। इस बार, यह प्रशासन, डॉक्टर और स्वच्छता कार्यकर्ता हैं जिन्होंने एक अलग तरह के दुश्मन - कोरोना के खिलाफ बहादुरी से मोर्चा संभाला है। इसलिए, सशस्त्र बलों ने तीनों सेवाओं द्वारा देश भर में 03 मई रविवार को कोरोना योद्धाओं के लिए एक धन्यवाद अभियान आयोजित करने की पहल की।

अमृतसर में, वज्र कोर के पैंथर डिवीजन के सैन्य अधिकारी और जवान गुरु नानक देव अस्पताल में प्रशासन और अलगाव सुविधा के कर्मचारियों और ड्रग रिहैबिलिटेशन सेंटर में संगरोध सुविधाओं तक पहुंचे, जहां वर्तमान में 500 से अधिक लोग या तो अलगाव या संगरोध वार्डों में हैं। पैंथर डिवीजन के आर्मी पाइप बैंड ने 'देह शिवा वर मोहे', 'कदम कदम बढाये जा' और 'सारे जहां से अच्छा' जैसी लोकप्रिय सैन्य धुनों को अपने तरीके से कोरोना योद्धाओं के प्रति आभार और एकजुटता व्यक्त कि l इसके बाद सेना द्वारा इन अस्पतालों के प्रशासन और कर्मचारियों को थैंक्सगिविंग हैम्पर्स 'की प्रस्तुति दी गई और विभिन्न क्षमताओं में बाधाओं के बावजूद, अथक रूप से काम कर रहे कोरोना योद्धाओं को धन्यवाद दिया। इस अवसर पर सेना द्वारा मीडिया कर्मियों का भी धन्यवाद किया गया।

सैन्य छावनियों और स्टेशनों के भीतर काम करने वाले स्वच्छता कर्मचारी भी स्वच्छता को बनाए रखने में महत्वपूर्ण भूमिका निभा रहे हैं। स्वच्छता कर्मचारियों को आभार के रूप में फूड हैम्पर्स प्रदान किए गए।